# ਗਰੀਬ ਤੇ ਗਰੀਬੀ ਰੇਖਾ

ਕੁਝ ਦਿਨ ਹੋਏ ਸੰਯੁਕਤ ਰਾਸ਼ਟਰ ਵਿਚ ਤਕਰੀਰ ਕਰਦੇ ਹੋਏ ਹਿੰਦੁਸਤਾਨ ਦੇ ਵਜ਼ੀਰੇ-ਆਜ਼ਮ ਮਨਮੋਹਨ ਸਿੰਘ ਨੇ ਹੋਰਨਾਂ ਗੱਲਾਂ ਦੇ ਨਾਲ ਇਕ ਗੱਲ ਇਹ ਕਹੀ ਕਿ ਉਸਦੀ ਸਰਕਾਰ ਅਤੇ ਰਿਆਸਤ ਨੇ ਲੱਖਾਂ ਹੀ ਲੋਕਾਂ ਨੂੰ ਗਰੀਬੀ ਰੇਖਾ ਤੋਂ ਉੱਪਰ ਖਿੱਚਿਆ ਹੈ ਪਰ ਅਜੇ ਵੀ ਕਰੋੜਾਂ ਹੀ ਲੋਕ ਗਰੀਬੀ ਵਿਚ ਰਹਿੰਦੇ ਹਨ। ਉਨ੍ਹਾਂ ਨੂੰ ਗਰੀਬੀ ਤੋਂ ਨਜਾਤ ਹਾਸਲ ਕਰਨ ਵਿਚ ਬਹੁਤ ਦੇਰ ਲੱਗੇਗੀ ਪਰ ਸਰਕਾਰ ਇਸ ਕੰਮ ਵਿਚ ਆਪਣੀ ਪੂਰੀ ਵਾਹ ਲਾ ਰਹੀ ਹੈ।

ਜਿਸ ਵੇਲੇ ਮਨਮੋਹਨ ਸਿੰਘ ਇਹ ਤਕਰੀਰ ਕਰ ਰਿਹਾ ਸੀ ਉਸੇ ਵੇਲੇ ਸੁਪ੍ਰੀਮ ਕੋਰਟ ਵਿਚ ਸਰਕਾਰ ਇਹ ਹਲਫ਼ੀਆ ਬਿਆਨ ਦੇ ਰਹੀ ਸੀ ਕਿ ਜੋ ਵੀ ਪਿੰਡਾਂ ਵਿਚ ਰੋਜ਼ ਦੇ ਪੱਚੀ ਰੁਪਏ ਅਤੇ ਸ਼ਹਿਰਾਂ ਵਿਚ ਇਕੱਤੀ ਰੁਪਏ ਕਮਾ ਲੈਂਦਾ ਹੈ ਉਹ ਗਰੀਬੀ ਰੇਖਾ ਦੇ ਉਪਰ ਹੈ। ਭਾਵ ਸਰਕਾਰ ਵਲੋਂ ਜੋ ਵੀ ਨਾਮ ਮਾਤਰ ਇਮਦਾਦ ਉਸ ਨੂੰ ਦਿਤੀ ਜਾ ਰਹੀ ਹੈ ਉਹ ਬੰਦ ਕਰ ਦੇਣੀ ਚਾਹੀਦੀ ਹੈ। ਸਰਕਾਰ ਦੀ ਇਸ ਹੇਰਾਫੇਰੀ ਨਾਲ ਗਰੀਬਾਂ ਦੀ ਗਿਣਤੀ ਕਈ ਕਰੋੜਾਂ ਵਿਚ ਘਟ ਜਾਵੇਗੀ ਅਤੇ ਸਰਕਾਰ ਇਕ ਵਾਰ ਫਿਰ ਦਮਗਜੇ ਮਾਰੇਗੀ ਕਿ ਉਸਨੇ ਗਰੀਬੀ ਘੱਟ ਕਰ ਦਿਤੀ ਹੈ।

ਸਰਕਾਰ ਵਲੋਂ ਦਿਤੀ ਗਈ ਗਰੀਬੀ ਦੀ ਇਸ ਪਰਿਭਾਸ਼ਾ ਮੁਤਾਬਿਕ ਪੰਜ ਮੈਂਬਰਾਂ ਵਾਲੇ ਜਿਸ ਪਰਿਵਾਰ ਦੀ ਪਿੰਡਾਂ ਵਿਚ ਮਹੀਨੇ ਦੀ ਆਮਦਨ 3500 ਰੁਪਏ ਅਤੇ ਸ਼ਹਿਰ ਵਿਚ 4500 ਰੁਪਏ ਹੈ ਉਸਨੂੰ ਗਰੀਬ ਨਹੀਂ ਸਮਝਿਆ ਜਾਵੇਗਾ। ਅੱਜ ਦੇ ਹਾਲਾਤ ਵਿਚ, ਜਦ ਕਿ ਦਾਲ 100 ਰੁਪਏ ਕਿਲੋ ਅਤੇ ਆਟਾ ਤਕਰੀਬਨ 20 ਰੁਪਏ ਕਿਲੋ ਹੋ ਗਿਆ ਹੈ, ਕਿਸੇ ਵੀ ਪਿੰਡ ਅਤੇ ਸ਼ਹਿਰ ਵਿਚ ਇਕ ਜੀਅ ਦਾ ਵੀ ਇਸ ਆਮਦਨ ਤੇ ਗੁਜ਼ਾਰਾ ਮੁਸ਼ਕਿਲ ਹੈ ਪੰਜ ਮੈਂਬਰਾਂ ਦੇ ਟੱਬਰ ਦਾ ਗੁਜ਼ਾਰਾ ਹੋਣ ਦਾ ਤਾਂ ਸੁਆਲ ਹੀ ਨਹੀਂ ਉੱਠਦਾ। ਪਰ ਸਰਕਾਰ ਬੜੀ ਬੇਸ਼ਰਮੀ ਨਾਲ ਕਹਿ ਰਹੀ ਹੈ ਕਿ ਇਹ ਲੋਕ ਗਰੀਬੀ ਰੇਖਾ ਦੇ ਉਪਰ ਹਨ।

ਸਰਕਾਰ ਨੂੰ ਲੋਕਾਂ ਅਤੇ ਹਾਲਾਤ ਦੀ ਅਸਲੀਅਤ ਨਾਲ ਕੋਈ ਸਰੋਕਾਰ ਨਹੀਂ। ਗਰੀਬੀ ਰੇਖਾ ਤੈਅ ਕਰਨ ਦੇ ਇਸ ਤਰੀਕੇ ਨਾਲ ਇਹ ਆਉਣ ਵਾਲੀਆਂ ਚੋਣਾਂ ਲਈ ਮਸਾਲਾ ਤਿਆਰ ਕਰਨਾ ਚਾਹੁੰਦੀ ਹੈ ਕਿ ਇਸ ਨੇ ਇਸ ਦੌਰ ਵਿਚ ਕਿੰਨੇ ਹੀ ਲੋਕਾਂ ਨੂੰ ਗਰੀਬੀ ਤੋਂ ਛੁਟਕਾਰਾ ਦਿਵਾਇਆ ਹੈ। ਇਸ ਤਰ੍ਹਾਂ ਦੇ ਹਰਬਿਆਂ ਨਾਲ ਇਹ ਲੋਕਾਂ ਦੇ ਘੋਲਾਂ ਨੂੰ ਵੀ ਕੁਰਾਹੇ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਲੋਕਾਂ ਨੂੰ ਕਹਿ ਰਹੀ ਹੈ ਕਿ ਦੇਖੋ ਅਸੀਂ ਗਰੀਬਾਂ ਦੀ ਹਾਲਤ ਸੁਧਾਰਨ ਲਈ ਬਹੁਤ ਕੰਮ ਕੀਤਾ ਹੈ ਅਗਲੀਆਂ ਚੋਣਾਂ ਵਿਚ ਵੀ ਵੋਟ ਸਾਨੂੰ ਹੀ ਪਾਉਣੇ। ਪਿਛਲੇ ਕਈ ਦਹਾਕਿਆਂ ਤੋਂ ਹਾਕਮ ਟੋਲਾ, ਇਸਦੀ ਰਿਆਸਤ ਅਤੇ ਸਰਕਾਰਾਂ ਭਾਵੇ ਉਹ ਕਿਸੇ ਵੀ ਪਾਰਟੀ ਦੀਆਂ ਹੋਣ, ਉਹ ਸਭ ਗਰੀਬਾਂ ਤੇ ਗਰੀਬੀ ਰੇਖਾ ਨਾਲ ਫਰਾਡ ਹੀ ਕਰਦੇ ਆ ਰਹੇ ਹਨ। ਸੀ.ਪੀ.ਆਈ.(ਐਮ) ਨੇ ਵੀ ਬੰਗਾਲ ਵਿਚ ਤਿੰਨ ਦਹਾਕੇ ਇਹੋ ਫਰਾਡ ਵਰਤਿਆ। ਕਾਂਗਰਸ ਅਤੇ ਬੀ.ਜੇ.ਪੀ. ਕੇਂਦਰ ਵਿਚ ਇਸ ਫਰਾਡ ਨੂੰ ਵਰਤਦੇ ਰਹੇ ਹਨ। ਪੰਜਾਬ ਵਿਚ ਅਕਾਲੀ ਦਲ, ਯੂ.ਪੀ. ਵਿਚ ਮਾਇਆਵਤੀ ਦੀ ਸਰਕਾਰ ਅਤੇ ਹੋਰ ਸਭ ਸਿਆਸੀ ਪਾਰਟੀਆਂ ਵੀ ਇਹੋ ਕੁਝ ਕਰਦੀਆਂ ਹਨ।

ਵਿਸ਼ਵ ਬੈਂਕ ਅਤੇ ਆਈ.ਐਮ.ਐਫ. ਵਾਲੇ ਵੀ ਗਰੀਬੀ ਰੇਖਾ ਦੇ ਇਸ ਕਪਟ ਨੂੰ ਹਾਕਮ ਟੋਲੇ ਅਤੇ ਉਸਦੀ ਰਿਆਸਤ ਦੀ ਹਮੈਤ ਲਈ ਵਰਤਦੇ ਰਹੇ ਹਨ। ਲੋਕ ਜਦ ਵੀ ਆਪਣੇ ਭੈੜੇ ਹਾਲ ਦੀ ਗੱਲ ਕਰਦੇ ਹਨ ਤਾਂ ਇਨ੍ਹਾਂ ਦੇ ਨੁਮਾਇੰਦੇ ਝੱਟ ਝੂਠੀ ਵਹੀ ਖੋਲ ਕੇ ਕਹਿੰਦੇ ਹਨ ਕਿ ਜੀ ਦੇਖੋ ਪਿਛਲੇ ਪੰਜ ਸਾਲਾਂ ਵਿਚ ਗਰੀਬੀ ਐਨੀ ਘੱਟ ਹੋ ਗਈ ਹੈ ਅਤੇ ਹੌਲੀ ਹੌਲੀ ਸਭ ਠੀਕ ਹੋ ਜਾਵੇਗਾ ਬਸ ਸਬਰ ਕਰਨ ਦੀ ਲੋੜ ਹੈ।

ਗਰੀਬੀ ਰੇਖਾ ਦਾ ਛਲ ਹਾਕਮ ਟੋਲੇ ਅਤੇ ਸਾਮਰਾਜੀਆਂ ਦਾ ਲੋਕਾਂ ਦੇ ਖ਼ਿਲਾਫ਼ ਇਕ ਹਥਿਆਰ ਹੈ ਜੋ ਉਹ ਉਨ੍ਹਾਂ ਦੇ ਘੋਲਾਂ ਨੂੰ ਕੁਰਾਹੇ ਪਾਉਣ ਲਈ ਵਰਤਦੇ ਹਨ। ਇਹ ਹਥਿਆਰ ਖ਼ਾਸ ਤੌਰ ਤੇ ਮੱਧ ਵਰਗ ਦੇ ਬੁੱਧੀਜੀਵੀ ਅਤੇ ਦਾਨਿਸ਼ਵਰਾਂ ਨੂੰ ਗੁਮਰਾਹ ਕਰਨ ਲਈ ਵਰਤਿਆ ਜਾਂਦਾ ਹੈ। ਉਹ ਹਕੀਕਤ ਦੀ ਜਗ੍ਹਾ ਕਿਤਾਬਾਂ ਤੇ ਜ਼ਿਆਦਾ ਤਵੱਜੋ ਦੇਣ ਕਰਕੇ ਇਨ੍ਹਾਂ ਭੁਲੇਖਿਆਂ ਵਿਚ ਫਸ ਜਾਂਦੇ ਹਨ ਅਤੇ ਹਾਕਮ ਟੋਲੇ ਦੇ ਹੱਥ-ਠੋਕੇ ਬਣ ਜਾਂਦੇ ਹਨ। ਸਰਕਾਰ ਅਤੇ ਹਾਕਮ ਟੋਲਾ ਇਹ ਹੀ ਚਾਹੁੰਦੇ ਹਨ। ਉਹ ਨਹੀਂ ਚਾਹੁੰਦੇ ਕਿ ਪੜ੍ਹੇ ਲਿਖੇ ਤਬਕੇ ਦੇ ਲੋਕ ਅਸਲੀਅਤ ਨੂੰ ਸਮਝ ਕੇ ਪਸਮਾਂਦਾ ਲੋਕਾਂ ਨਾਲ ਇਕ ਮੁੱਠ ਹੋਣ। ਇਸ ਕਰਕੇ ਲੋਕਾਂ ਨੂੰ ਚੌਕਸ ਰਹਿਣ ਦੀ ਲੋੜ ਹੈ। ਖ਼ਾਸ ਤੌਰ ਤੇ ਦਾਨਿਸ਼ਵਰਾਂ ਨੂੰ ਮਨਮੋਹਨ ਸਿੰਘ ਵਰਗਿਆਂ ਦੇ ਭੁਲੇਖਿਆਂ ਨੂੰ ਸਮਝਣ ਦੀ ਲੋੜ ਹੈ।